# ਸੰਵਾਦ

ISSN : 2395-1273

www.sanvad.org

ਜਨਵਰੀ-ਜੂਨ 2025
21 ਵਾਂ ਅੰਕ



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ISSN : 2395-1273

# ਸੰਵਾਦ

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ**-143002

Sanvad
(Dialogic)
PUNJABI REFEREED RESEARCH JOURNAL
Bi- Annual
A Peer Reviewed Punjabi Research Journal of the Post-Graduate Department of Punjabi Studies, Khalsa College, Amritsar.
(UGC-CARE APPROVED JOURNAL)
Email : sanvadpunjabi@gmail.com, www.sanvad.org

**Patron :**
*Dr. A. K. Kahlon*
+91 98724-56833

**Chief Editor:**
*Dr. Atam Singh Randhawa*
+91 98722-17273

**ISSN : 2395-1273**
**January-June 2025**

**ਸਲਾਹਕਾਰ ਬੋਰਡ**
**ਡਾ. ਮਹਿਲ ਸਿੰਘ**
ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ
ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❐ **ਸੰਪਾਦਕੀ** 5

❐ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❐ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❐ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❐ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❐ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❐ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❐ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❐ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❐ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❐ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❐ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❑ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❑ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❑ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❑ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❑ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❑ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❑ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❑ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❑ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
ਡਾ. ਪਰਮਜੀਤ ਢੀਂਗਰਾ

◈


ISSN : 2395-1273



# ਤੂਤਾਂ ਵਾਲਾ ਖੂਹ
## ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼


**ਡਾ. ਮਹਿਲ ਸਿੰਘ**

ਵਾਈਸ-ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ
✆ 9872266667


ਸੋਹਣ ਸਿੰਘ ਸੀਤਲ ਦਾ ਜੀਵਨ ਸਫ਼ਰ (07 ਅਗਸਤ 1909 ਤੋਂ 23 ਅਗਸਤ 1998) ਨੌਂ ਦਹਾਕਿਆਂ ਦਾ ਹੈ। ਹੁਣ ਤਕ ਦੇ ਪੰਜਾਬੀ ਸਾਹਿਤਕਾਰਾਂ ਵਿਚ ਸੀਤਲ ਸਭ ਤੋਂ ਵੱਡਾ ਬਹੁ-ਵਿਧਾਵੀ ਲੇਖਕ ਹੈ। ਉਹ ਕਹਾਣੀਕਾਰ, ਨਾਵਲਕਾਰ, ਕਵੀ, ਵਾਰਤਾਕਾਰ, ਇਤਿਹਾਸਕਾਰ ਤੇ ਆਪਣੇ ਸਮੇਂ ਦਾ ਪ੍ਰਸਿੱਧ ਢਾਡੀ ਵੀ ਸੀ। ਸੀਤਲ ਨੇ ਕੁਲ 22 ਨਾਵਲ ਲਿਖੇ ਹਨ। ਪਰ ਇਨ੍ਹਾਂ ਦੀ ਬਤੌਰ ਨਾਵਲਕਾਰ ਪ੍ਰਸਿੱਧੀ **ਜੰਗ ਜਾਂ ਅਮਨ** (1958), **ਤੂਤਾਂ ਵਾਲਾ ਖੂਹ** (1962) ਤੇ **ਜੁੱਗ ਬਦਲ ਗਿਆ** (1971) ਨਾਲ ਹੋਈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਸੀਤਲ ਦੇ ਨਾਵਲ **ਤੂਤਾਂ ਵਾਲਾ ਖੂਹ** ਦੀ ਸਥਿਤੀ ਉਵੇਂ ਹੀ ਹੈ, ਜਿਵੇਂ ਨਾਨਕ ਸਿੰਘ ਦੇ ਨਾਵਲ **ਪਵਿੱਤਰ ਪਾਪੀ** (1942), ਸੁਰਿੰਦਰ ਸਿੰਘ ਨਰੂਲਾ ਦੇ **ਪਿਉ-ਪੁੱਤਰ** (1946) ਤੇ ਜਸਵੰਤ ਸਿੰਘ ਕੰਵਲ ਦੇ **ਪੂਰਨਮਾਸ਼ੀ** (1949) ਵਰਗੇ ਕਲਾਸਿਕ ਦਰਜ਼ੇ ਵਾਲੇ ਨਾਵਲਾਂ ਦੀ ਹੈ।

**ਤੂਤਾਂ ਵਾਲਾ ਖੂਹ** ਦਾ ਬਿਰਤਾਂਤ ਦੋ-ਪਰਤੀ ਹੈ। ਇਕ ਪਾਸੇ ਧੰਨੇ ਸ਼ਾਹ, ਸੱਜਣ ਸਿੰਘ ਤੇ ਇਲਮਦੀਨ ਰਾਹੀਂ ਪੰਜਾਬ ਦੇ ਸਮੁੱਚੇ ਸਮਾਜਚਾਰੇ ਦੀ ਤਸਵੀਰ ਪੇਸ਼ ਹੋਈ ਹੈ। ਦੂਜੇ ਪਾਸੇ ਅੰਗਰੇਜ਼ ਰਾਜ ਵਿਰੁੱਧ ਉੱਠੀਆਂ ਲਹਿਰਾਂ, ਘਟਨਾਵਾਂ ਅਤੇ ਇਨ੍ਹਾਂ ਨਾਲ ਜੁੜੇ ਨੇਤਾਵਾਂ ਦੇ ਵੇਰਵੇ ਦਾ ਚਿੱਤਰਣ ਹੈ। ਇਹ ਨਾਵਲ ਸਮਾਨਾਂਤਰ ਬਿਰਤਾਂਤਕ ਵਿਧੀ ਮੁਤਾਬਿਕ ਹੈ। ਪੰਜਾਬੀ ਪਾਠਕਾਂ ਤੇ ਆਲੋਚਕਾਂ ਨੂੰ ਪੰਜਾਬੀ ਨਾਵਲ ਵਿਚ ਪੇਂਡੂ ਭਾਈਚਾਰੇ ਦੀ ਸਮੁੱਚ ਵਿਚ ਪੇਸ਼ਕਾਰੀ ਨਾ ਹੋਣ ਦੀ ਸ਼ਿਕਾਇਤ ਰਹੀ ਹੈ। **ਤੂਤਾਂ ਵਾਲਾ ਖੂਹ** ਅਜਿਹੀ ਸ਼ਿਕਾਇਤ ਨੂੰ ਦੂਰ ਕਰਨ ਵਾਲੀ ਇਕੋ-ਇਕ ਮਹੱਤਵਪੂਰਨ ਗਲਪ ਰਚਨਾ ਹੈ। ਇਸ ਵਿਚ ਹਿੰਦੂ, ਮੁਸਲਿਮ ਤੇ ਸਿੱਖਾਂ ਦੀ ਸਾਂਝ ਤੇ ਦੁਫੇੜ ਦਾ ਵਿਰੋਧ-ਚਿੱਤਰ ਪੇਸ਼ ਹੋਇਆ ਹੈ। ਨਾਵਲ ਦੀ ਮੁੱਖ ਕਹਾਣੀ ਕਸੂਰ ਨੇੜੇ ਦੇ ਪਿੰਡ ਪੀਰੂਵਾਲੇ ਨਾਲ ਸਬੰਧਿਤ ਹੈ। ਇਸ ਦੇ ਨਾਲ-ਨਾਲ ਵਰਨਾ, ਕਾਦੀਵਿੰਡ, ਕਤਲੂਈ ਪਿੰਡਾਂ ਦਾ ਵੀ ਕੁਝ ਜ਼ਿਕਰ ਹੈ। **ਤੂਤਾਂ ਵਾਲਾ ਖੂਹ** ਦੀ ਵਿਸ਼ੇਸ਼ਤਾ ਹਿੰਦੂ, ਸਿੱਖ ਤੇ ਮੁਸਲਮਾਨ ਭਾਈਚਾਰੇ ਦੀ ਤ੍ਰਿਵੈਣੀ ਤਸਵੀਰ ਨੂੰ ਚਿੱਤਰਣ ਕਰਕੇ ਹੈ। ਪੀਰੂ ਵਾਲਾ ਪਿੰਡ ਪੰਜਾਬ ਦੀ ਸਰਵ-ਸਾਂਝੀ ਪੰਜਾਬੀਅਤ ਤੇ ਆਪਸੀ ਵਿਰੋਧਾਂ ਦਾ ਪ੍ਰਤਿਨਿੱਧ ਨਮੂਨਾ ਹੈ। ਡਾ. ਹਰਿਭਜਨ ਸਿੰਘ 'ਇਸ ਪਿੰਡ ਨੂੰ ਹਿੰਦੋਸਤਾਨ ਦੇ ਛੋਟੇ ਰੂਪ ਦਾ ਨਮੂਨਾ ਮੰਨਦਾ ਹੈ।[1] ਇਹ ਨਾਵਲ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਸਾਂਝੇ ਪੰਜਾਬ ਨਾਲ ਸਬੰਧਿਤ ਹੈ। ਇਸ ਵਿਚ ਉਸ ਸਮੇਂ ਦੇ ਸਮਾਜਚਾਰੇ, ਆਰਥਿਕਤਾ, ਚੀਜਾਂ-ਵਸਤਾਂ ਦੀ ਵਰਤੋਂ ਸਬੰਧੀ ਯਥਾਰਥਕ ਤਸਵੀਰ ਉੱਭਰਦੀ ਹੈ। ਦੂਜੇ ਪਾਸੇ ਇਹ ਨਾਵਲ 1857 ਦੇ ਵਿਦਰੋਹ ਤੋਂ ਲੈ ਕੇ ਸੰਤਾਲੀ ਤਕ ਦੀ ਦੇਸ਼-ਵੰਡ ਦੇ ਰਾਜਸੀ-ਇਤਿਹਾਸ ਦਾ ਵੀ ਲੇਖਾ-ਜੋਖਾ ਹੈ।

**ਤੂਤਾਂ ਵਾਲਾ ਖੂਹ** ਮੁਤਾਬਿਕ ਸਾਡਾ ਜੀਵਨ ਰਵਾਇਤੀ ਕਿਸਮ ਦਾ ਸੀ। ਸਸਤਾ ਜਮਾਨਾ ਸੀ। ਕਣਕ ਡੇਢ ਰੁਪਏ, ਕਪਾਹ ਪੰਜ ਰੁਪਏ, ਤੋਰੀਆ ਤਿੰਨ ਰੁਪਏ ਨੂੰ ਮਣ ਸੀ। ਮੱਝ ਨੱਬੇ ਰੁਪਏ ਨੂੰ ਵਿਕਦੀ ਸੀ। ਵਿਆਜ ਦੋ ਰੁਪਏ ਸੈਂਕੜਾ ਸੀ। ਕਰਜ਼ੇ ਲਈ ਸ਼ਾਹੂਕਾਰਾ ਪ੍ਰਣਾਲੀ ਸੀ। ਸਧਾਰਨ ਜਮਾਨਾ ਸੀ। ਪਹਿਰਾਵੇ ਦਾ ਵੇਸ-ਭੇਸ ਆਮ ਜਿਹਾ ਸੀ। ਵਿਹਲੇ ਸਮੇਂ ਲੋਕ ਤਾਸ਼ ਖੇਡਦੇ ਸਨ। ਖੇਤੀ ਤੇ ਸ਼ਾਹੂਕਾਰਾ ਮੁੱਖ ਕਿੱਤਾ ਸੀ। ਬਲਦਾਂ ਨਾਲ ਖੇਤੀ ਹੁੰਦੀ ਸੀ। ਕਣਕ ਦੀ ਗਹਾਈ ਲਈ ਫਲ੍ਹੇ ਸਨ। ਖੇਤੀ ਰਲ-ਮਿਲ ਕੇ ਕਰਨ ਵਾਲਾ ਸਹਿਕਾਰੀ ਅਮਲ ਸੀ। ਸਿੰਚਾਈ ਲਈ ਖੂਹ ਤੇ ਨਹਿਰਾਂ ਸਨ। ਨਾਵਲ ਦਾ ਨਾਮ ਹੀ ਖੂਹ ਦੀ ਖੇਤੀ ਵਿਚ ਪ੍ਰਧਾਨਤਾ ਦਾ ਲਖਾਇਕ ਹੈ। ਘਰਾਂ ਵਿਚ ਲੱਸੀ ਤੇ ਦੁੱਧ-ਦਹੀਂ ਦੀ ਵਰਤੋਂ ਸੀ। ਵਧੇਰੇ ਲੋਕ ਅਨਪੜ੍ਹ ਸਨ। ਮੁਸਲਮਾਨਾਂ ਤੇ ਸਿੱਖਾਂ ਦੇ ਜਠੇਰੇ (ਵੱਡੇ) ਇਕ ਹੀ ਦੱਸੇ ਗਏ ਹਨ। ਸੱਜਣ ਸਿੰਘ ਤੇ ਇਲਮਦੀਨ ਦੀ ਅੰਸ-ਬੰਸ ਦਾ ਪਿਛੋਕੜ 'ਬਾਬਾ ਯਾਤਰੀ' ਨਾਲ ਜੁੜਦਾ ਹੈ। ਖੇਤੀ ਮੁਸ਼ੱਕਤ ਵਾਲਾ ਕਿੱਤਾ ਸੀ। ਰਾਤ ਪਾਣੀ ਲਾਉਣਾ, ਤੜ੍ਹਕੇ ਹਲ਼ ਲੈ ਕੇ ਜਾਣਾ, ਦਿਨੇ ਫਲ੍ਹੇ ਗਾਹੁਣੇ, ਸ਼ਾਮੀ ਪੱਠੇ ਵੱਢਣੇ, ਮਾਲ ਡੰਗਰ ਸਾਂਭਣਾ ਵਗੈਰਾ ਨਿੱਤ ਦਾ ਕਾਰ-ਵਿਹਾਰ ਸੀ। ਖੇਤੀ ਜਿਨਸਾ ਦੀ ਢੋਹਾ-ਢੁਹਾਈ ਲਈ ਗੱਡੇ ਸਨ। ਕਿਸਾਨ ਗੱਡਿਆਂ ਉੱਤੇ ਹੀ ਆਪਣੀ ਜਿਨਸ ਵੇਚਣ ਲਾਹੌਰ ਜਾਂਦੇ ਸਨ। ਇਸ ਕਰੜੀ ਮਿਹਨਤ ਦੇ ਬਾਵਜੂਦ ਖੇਤੀ ਘਾਟੇਵੰਦਾ ਸੌਦਾ ਸੀ। ਬਹੁਤੇ ਕਿਸਾਨਾਂ ਦੇ ਖੇਤੀ ਵਿਚੋਂ ਪੈਰ ਉਖੜਦੇ ਵਿਖਾਈ ਦੇਂਦੇ ਹਨ।



(ਪੰਨੇ 16-21)
**www.sanvad.org**
ISSN : 2395-1273

ਮੁਸਲਮਾਨਾਂ ਵਿਚ ਬਹੁ-ਪਤਨੀ ਵਿਆਹ ਦਾ ਰਿਵਾਜ ਸੀ। ਨਾਵਲਕਾਰ ਅਜਿਹੇ ਵਿਆਹ-ਪ੍ਰਬੰਧ ਨੂੰ ਨਿੱਤ ਦਾ ਕਲੇਸ਼ ਮੰਨਦਾ ਹੈ। ਇਲਮਦੀਨ ਦੇ ਘਰ ਦਾ ਪਰਿਵਾਰਕ ਕਲੇਸ਼ ਦੋ ਪਤਨੀਆਂ (ਫਤਿਹ ਬੀਬੀ ਤੇ ਜੈਨਾ) ਕਰਕੇ ਹੈ। ਨਾਵਲ ਵਿਚ ਇਕ-ਪਤਨੀ ਵਿਆਹ ਦੀ ਤਰਫਦਾਰੀ ਕੀਤੀ ਗਈ ਹੈ। ਘਰ ਵਿਚ ਸੌਂਕਣ ਸਾੜੇ ਨੂੰ ਨਰਕ ਵਜੋਂ ਪੇਸ਼ ਕੀਤਾ ਗਿਆ ਹੈ। ਇਲਮਦੀਨ ਮੁਤਾਬਿਕ, 'ਬੰਦਾ ਕੈਦ ਕੱਟ ਲਵੇ ਪਰ ਦੋ ਟੱਬਰ ਨਾ ਕਰੇ।'[2] 'ਮਾਲਵੇ ਵਿਚ ਜਨਾਨੀਆਂ ਗੋਹੇ-ਕੂੜੇ ਦਾ ਕੰਮ ਆਪ ਕਰਦੀਆਂ ਸਨ'।[3] ਆਮ ਤੇ ਲੋੜਵੰਦ ਘਰਾਂ ਵਿਚ ਦੁਪਹਿਰ ਦੀ ਰੋਟੀ ਲਈ ਆਚਾਰ-ਗੰਢੇ ਦੀ ਵਰਤੋਂ ਸੀ। ਸਾਂਹਸੀ/ਮਰਾਸੀ ਹੀ ਵਿਆਹ ਤੇ ਮਰਨੇ ਦੇ ਸੁਨੇਹੇ ਦਿੰਦੇ ਸਨ। ਘਰਾਂ ਵਿਚ ਦੇਸੀ ਸ਼ਰਾਬ ਕੱਢੀ ਤੇ ਪੀਤੀ ਜਾਂਦੀ ਸੀ। ਗਰਮੀਆਂ ਵਿਚ ਗੁੜ ਦਾ ਸ਼ਰਬਤ ਪੀਤਾ ਜਾਂਦਾ ਸੀ। ਦੁਪਹਿਰ ਵੇਲੇ ਰੋਟੀ ਨਾਲ ਘਿਉ-ਸ਼ੱਕਰ ਦੀ ਵੀ ਵਰਤੋਂ ਸੀ। ਤਕੜੇ ਮਾਪਿਆਂ ਵਾਲੀਆਂ ਧੀਆਂ ਦਾ ਸਹੁਰੇ ਘਰ ਸਤਿਕਾਰ ਵੱਧ ਸੀ। ਸਾਂਝੇ ਪੰਜਾਬ ਵਿਚ ਸਾਡਾ ਸਮਾਜਕ-ਆਰਥਿਕ ਜੀਵਨ ਕਿਹੋ-ਜਿਹਾ ਸੀ, ਇਸ ਸਬੰਧੀ ਇਹ ਨਾਵਲ ਇਕ ਸਭਿਆਚਾਰਕ ਦਸਤਾਵੇਜ਼ ਵਜੋਂ ਹੈ।

ਸੱਜਣ ਸਿੰਘ, ਇਲਮਦੀਨ, ਧੰਨੇ ਸ਼ਾਹ ਤੇ ਬਾਬਾ ਅਕਾਲੀ ਨਾਵਲ ਵਿਚ ਮੁੱਖ ਪਾਤਰ ਹਨ। ਇਨ੍ਹਾਂ ਦੇ ਨਾਲ-ਨਾਲ ਭਜਨ ਕੌਰ, ਕਰਮਦੀਨ, ਸਰਾਜ ਬੀਬੀ, ਲੱਖਾ ਸਿੰਘ, ਬਖਸ਼ੀਸ ਸਿੰਘ (ਬਕਸ਼ਾ), ਦੀਪੋ, ਮਦਨ ਲਾਲ, ਸੁਮਿੱਤਰਾ, ਫਤਿਹ ਬੀਬੀ, ਜੈਨਾ, ਚੇਤ ਸਿੰਘ, ਧਰਮ ਸਿੰਘ, ਮੀਆਂ ਗਹਿਣਾ, ਫਜ਼ਲ ਸ਼ਾਹ, ਸੁੰਦਰ ਸਿੰਘ ਤੇ ਅਲੀਆ ਵਗੈਰਾ ਕੁਝ ਹੋਰ ਗਲਪੀ ਪਾਤਰ ਹਨ। ਇਨ੍ਹਾਂ ਤੋਂ ਇਲਾਵਾ ਕੁਝ ਇਤਿਹਾਸਕ ਪਾਤਰਾਂ ਦਾ ਵੀ ਜ਼ਿਕਰ ਹੈ। ਸੀਤਲ ਦੇ ਇਹ ਸਾਰੇ ਗਲਪੀ ਪਾਤਰ ਕਿਸੇ ਜਾਤ ਜਾਂ ਧਰਮ ਨਾਲ ਸਬੰਧਿਤ ਹੋਣ ਕਰਕੇ ਚੰਗੇ ਜਾਂ ਮਾੜੇ ਨਹੀਂ ਹਨ, ਬਲਕਿ ਇਹ ਆਪਣੇ ਵਿਹਾਰ ਕਰਕੇ ਮਿਸ਼ਰਤ ਕਿਰਦਾਰ ਹਨ। ਇਸੇ ਕਰਕੇ ਸੋਹਣ ਸਿੰਘ ਜੋਸ਼ ਨੇ ਸੀਤਲ ਨੂੰ 'ਮਨੁੱਖਵਾਦੀ ਨਾਵਲਕਾਰ ਮੰਨਿਆਂ' ਹੈ।[4]

ਨਾਵਲ ਵਿਚ ਗਲਪੀ ਪਾਤਰਾਂ ਦੀ ਵਾਰਤਾਲਾਪ ਮਾਝੀ ਉਪ-ਭਾਸ਼ਾ ਦਾ ਉੱਤਮ ਨਮੂਨਾ ਹੈ। ਮਾਝੇ ਦੀ ਸ਼ਬਦਾਵਲੀ ਤੇ ਅਖ਼ਾਣ-ਮੁਹਾਵਰੇ ਮਾਝੀ ਆਂਚਲਿਕਤਾ ਦਾ ਪ੍ਰਭਾਵ ਦਿੰਦੇ ਹਨ। ਜਿਵੇਂ 'ਸਖੀ ਨਾਲੋਂ ਸੂਮ ਭਲਾ', 'ਰਾਹ ਰਹਿਣ ਤੇ ਗਾਹ-ਗਹਿਣ', 'ਠੰਢੇ ਦੁੱਧ ਨੂੰ ਫੂਕਾਂ', 'ਢੱਕੀ ਰਿਝੇ ਤੇ ਕੋਈ ਨਾ ਬੁੱਝੇ', 'ਲਾਈ ਲੱਗ ਨਾ ਹੋਵੇ ਘਰ ਵਾਲਾ ਤੇ ਚੰਦਰਾ ਗਵਾਂਢ ਨਾ ਹੋਵੇ', 'ਇਕ ਵੀਰ ਦੇਵੀਂ ਵੇ ਰੱਬਾ-ਸਹੁੰ ਖਾਣ ਨੂੰ ਬੜਾ ਜੀ ਕਰਦਾ'। 'ਮੱਝਾਂ ਨੂੰ ਡੁਬਣਾ ਮਿਹਣਾ ਤੇ ਮਰਦਾਂ ਨੂੰ ਭੱਜਣਾ', 'ਦਿਲਾਂ ਨੂੰ ਦਿਲਾਂ ਦੇ ਰਾਹ', 'ਕੱਛ ਵਿਚ ਛੁਰੀ ਤੇ ਮੂੰਹੋਂ ਰਾਮ-ਰਾਮ', 'ਜਲ ਮਿਲਿਆ, ਪਰਮੇਸ਼ਰ ਮਿਲਿਆ', 'ਪਾਣੀ ਵਿਚ ਪਰਾਣ', 'ਰੱਸੀ ਸੜ ਗਈ ਪਰ ਵਟ ਨਾ ਗਿਆ'। 'ਖਾਣ-ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿਛ', 'ਜੰਜ ਪਰਾਈ ਅਹਿਮਕ ਨੱਚੇ, 'ਅੱਗ ਲਾ ਕੇ ਕੁੱਤਾ ਕੰਧ' 'ਤੇ ਆਦਿ[5] ਅਣਗਿਣਤ ਨਮੂਨੇ ਵੇਖੇ ਜਾ ਸਕਦੇ ਹਨ। ਸੀਤਲ ਦੀ ਬੋਲੀ ਕੁਦਰਤੀ ਲਹਿਜ਼ੇ ਵਾਲੀ ਹੈ। ਇਸ ਵਿਚ ਬਣਾਵਟ ਦਾ ਕੋਈ ਮੁਲੰਮਾ ਨਹੀਂ ਹੈ। ਡਾ. ਹਰਿਭਜਨ ਸਿੰਘ ਮੁਤਾਬਿਕ 'ਸੀਤਲ ਦੀ ਬੋਲੀ ਆਮ ਬੋਲਚਾਲ ਦੇ ਠੇਠ ਮੁਹਾਵਰੇ ਵਾਲੀ ਹੈ'।[6] ਇਹ ਵਿਦਵਾਨ ਆਲੋਚਕ ਨਾਵਲੀਅਤਾ ਦੇ ਕਈ ਪੱਖਾਂ ਤੋਂ ਸੀਤਲ ਨੂੰ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਪਰੰਪਰਾ ਤੋਂ ਅਗਲੇਰੇ ਪੜ੍ਹਾਅ ਦਾ ਨਾਵਲਕਾਰ ਮੰਨਦਾ ਹੈ।

ਚੰਦਾ ਸਿੰਘ ਤੇ ਚੌਧਰੀ ਚਰਾਗਦੀਨ ਦੀ ਵਾਹੀ-ਜੋਤੀ ਦੇ ਨਾਲ-ਨਾਲ ਪੂਰੀ ਪਰਿਵਾਰਕ ਸਾਂਝ ਵੀ ਸੀ। ਅੱਗੇ ਸੱਜਣ ਸਿੰਘ (ਪੁੱਤਰ ਚੰਦਾ ਸਿੰਘ) ਤੇ ਇਲਮਦੀਨ (ਪੁੱਤਰ ਚਰਾਗਦੀਨ) ਆਪਣੇ ਵਡੇਰਿਆਂ ਦੀ ਸਾਂਝੀ ਵਿਰਾਸਤ ਜ਼ਾਰੀ ਰੱਖਦੇ ਹਨ। ਇਨ੍ਹਾਂ ਦੀ ਸਾਂਝ ਦਾ ਪ੍ਰਤੀਕ ਸਾਂਝੀ ਵੱਟ 'ਤੇ ਲੱਗਾ ਅੰਬ ਦਾ ਬੂਟਾ ਵੀ ਹੈ। ਇਨ੍ਹਾਂ ਦਾ ਖਾਣ-ਪੀਣ ਵੀ ਇਕੱਠਾ ਹੈ। ਸੱਜਣ ਸਿੰਘ ਤੇ ਇਲਮਦੀਨ ਇਕੋ ਕੌਲੀ ਵਿਚ ਸ਼ਰਾਬ ਵੀ ਪੀ ਲੈਂਦੇ ਹਨ। ਇਨ੍ਹਾਂ ਦੋਨਾਂ ਪਰਿਵਾਰਾਂ ਦਾ ਤੂਤਾਂ ਵਾਲੇ ਖੂਹ 'ਤੇ ਪੈਲੀ ਦਾ ਅੱਠ-ਅੱਠ ਏਕੜ ਦਾ ਸਾਂਝਾ ਟੱਕ ਹੈ। ਇਲਮਦੀਨ ਤੇ ਕਰਮਦੀਨ ਦੋ ਭਰਾ ਹਨ। ਨਾਵਲ ਦਾ ਤੀਜਾ ਮੁੱਖ ਪਾਤਰ ਧੰਨੇ ਸ਼ਾਹ ਹੈ। ਇਹ ਕਸੂਰ ਦਾ ਵਸਨੀਕ ਹੈ। ਇਸ ਦੇ ਪਿਤਾ ਪਿਰਥੀ ਚੰਦ ਵੀ ਸ਼ਾਹੂਕਾਰਾ ਕਰਦਾ ਸੀ। ਧੰਨੇ ਸ਼ਾਹ ਸੂਖ਼ਮ ਕਿਸਮ ਦੀ ਬਾਣੀਆਂ ਬੁੱਧ ਦਾ ਪ੍ਰਤਿਨਿਧ ਪਾਤਰ ਹੈ। ਇਹ ਮੂੰਹ ਦਾ ਮਿੱਠਾ ਤੇ ਪੈਸੇ ਨਾਲ ਪੈਸਾ ਕਮਾਉਣ ਵਿਚ ਵਿਸ਼ਵਾਸ ਰੱਖਦਾ ਹੈ। ਇਸ ਕਰਕੇ ਇਹ ਧੰਨ ਮੱਲ ਤੋਂ ਧੰਨੇ ਸ਼ਾਹ ਬਣ ਜਾਂਦਾ ਹੈ। ਇਸ ਦਾ ਵੱਡੇ ਜਿੰਮੀਂਦਾਰ ਲੱਖਾ ਸਿੰਘ ਨਾਲ ਸਾਂਝਾ ਸ਼ਾਹੂਕਾਰਾ ਹੈ। ਉਸ ਸਮੇਂ ਗੈਰ-ਕਾਸ਼ਤਕਾਰ ਦੇ ਨਾਮ ਜ਼ਮੀਨ ਦੀ ਰਜਿਸਟਰੀ ਹੋਣੀ ਕਾਨੂੰਨੀ ਤੌਰ 'ਤੇ ਅਸੰਭਵ ਸੀ। ਇਸ ਕਰਕੇ ਧੰਨੇ ਸ਼ਾਹ ਕਰਜ਼ਾ ਦੇ ਕੇ ਪੈਲੀ ਨਾਮ ਕਰਾਉਣ ਲਈ ਲੱਖਾ ਸਿੰਘ ਨੂੰ ਨਾਲ ਵਰਤਦਾ ਹੈ। ਧੰਨੇ ਸ਼ਾਹ ਹਮੇਸ਼ਾ ਜਿਵੇਂ-ਕਿਵੇਂ 'ਤੂਤਾਂ ਵਾਲਾ ਖੂਹ' ਉੱਤੇ ਕਬਜ਼ਾ ਕਰਨ ਬਾਰੇ ਸੋਚਦਾ ਹੈ। ਸੱਜਣ ਸਿੰਘ ਤੇ ਇਲਮਦੀਨ ਆਪਣੀ ਜਿਨਸ ਵੇਚਣ ਸਮੇਂ ਧੰਨੇ ਸ਼ਾਹ ਦੀ ਪੈਂਦ ਵੱਲ ਬੈਠਦੇ ਹਨ। ਇਸ ਤੋਂ ਵੱਖ-ਵੱਖ ਪਾਤਰਾਂ ਦੀ ਜਮਾਤੀ ਹੈਸੀਅਤ ਦਾ ਪਤਾ ਲੱਗਦਾ ਹੈ।

ਧੰਨੇ ਸ਼ਾਹ ਕਸੂਰ ਦੇ ਸਰਦੇ-ਪੁੱਜਦੇ ਸ਼ਾਹੂਕਾਰਾਂ ਵਿਚੋਂ ਹੈ। ਪਰ ਇਹ ਵਿਖਾਵਾ ਨਾ ਕਰਨ ਦਾ ਧਾਰਨੀ ਹੈ। ਇਸ ਕਰਕੇ ਮਾੜੀ ਦਿੱਖ ਵਾਲੇ ਮਕਾਨ ਵਿਚ ਰਹਿੰਦਾ ਹੈ। ਕਰਮਦੀਨ ਆਪਣੀ ਪਤਨੀ ਸਰਾਜ ਬੀਬੀ ਦੀ ਚੁੱਕ ਵਿਚ ਆ ਕੇ ਭਰਾ (ਇਲਮਦੀਨ) ਨਾਲੋਂ ਵੱਖ ਹੋਣ ਦਾ ਅੜੀਅਲ ਵਤੀਰਾ ਧਾਰਨ ਕਰ ਲੈਂਦਾ ਹੈ। ਇਸ ਦਾ ਪੰਜ ਨਿਆਣਿਆਂ ਦਾ ਵੱਡਾ ਪਰਿਵਾਰ ਹੈ। ਦੂਜੇ ਪਾਸੇ ਇਲਮਦੀਨ ਦਾ ਦੋ ਪਤਨੀਆਂ ਦਾ ਖੁੱਲ੍ਹਾ ਪਰਿਵਾਰ ਹੈ। ਦੋਵਾਂ ਭਰਾਵਾਂ ਦੀ ਵਾਹੀ ਇਕ ਜੋਗ (ਦੋ ਬਲਦਾਂ) ਦੀ ਹੈ। ਇਸ ਕਰਕੇ ਆਮਦਨ ਸੀਮਿਤ ਹੈ। ਕਰਮਦੀਨ ਜ਼ਿੱਦ ਕਰਕੇ ਦਾਣਿਆਂ ਦੇ ਬੋਹਲ ਦੀ ਵੰਡ-ਵੰਡਾਈ ਕਰਵਾ ਲੈਂਦਾ ਹੈ। ਇਹ ਸਾਂਝੇ ਘਰ ਦਾ ਕਰਜ਼ਾ ਦੇਣ ਤੋਂ ਵੀ ਮੁਨਕਰ ਹੋ ਜਾਂਦਾ ਹੈ। ਕਰਮਦੀਨ ਨੂੰ ਸਹੁਰਿਆਂ ਤੋਂ ਵਾਹੀ ਲਈ ਇਕ ਬਲਦ ਮਿਲ ਜਾਂਦਾ ਹੈ। ਪਰ ਇਲਮਦੀਨ ਨੂੰ ਬਲਦ ਖਰੀਦਣ ਲਈ ਧੰਨੇ ਸ਼ਾਹ ਤੋਂ ਹੋਰ ਕਰਜ਼ਾ ਲੈਣਾ ਪੈਂਦਾ ਹੈ। ਇਲਮਦੀਨ ਤੇ ਕਰਮਦੀਨ ਦੋਵੇਂ ਭਰਾ ਵੰਡ-ਵੰਡਾਈ ਵਿਚ ਕਰਜ਼ਾਈ ਹੋ ਜਾਂਦੇ ਹਨ। ਇਸ ਤਰ੍ਹਾਂ ਘਰ ਦੀ ਫੁੱਟ ਜਾਂ ਵੰਡ-ਵੰਡਾਈ ਛੋਟੀ ਕਿਸਾਨੀ ਲਈ ਵੱਡੇ ਨਿਘਾਰ ਦਾ ਕਾਰਨ ਬਣਦੀ ਹੈ। ਦੂਜੇ ਪਾਸੇ ਸੱਜਣ ਸਿੰਘ ਤੇ ਭਜਨ ਕੌਰ ਆਦਰਸ਼ ਦੰਪਤੀ ਜੋੜਾ ਹੈ। ਇਹ ਵੀ ਕਰਜ਼ੇ ਵਿਚ ਹਨ। ਪਰ ਇਨ੍ਹਾਂ ਦਾ ਆਪੋ ਵਿਚ ਸਨੇਹ ਤੇ ਸਤਿਕਾਰ ਲੋਹੜੇ ਦਾ ਹੈ। ਸਮੁੱਚਾ ਖੇਤੀ ਅਰਥਚਾਰਾ ਕਈ ਸਮੱਸਿਆਵਾਂ ਦੇ ਰੂਬਰੂ ਵਿਖਾਇਆ ਗਿਆ। ਛੋਟੀ ਕਿਸਾਨੀ ਜੀਵਨ ਨਹੀਂ, ਜੂਨ ਭੋਗਦੀ ਨਜ਼ਰ ਆਉਂਦੀ ਹੈ। ਛੋਟੀ ਜਾਂ ਆਮ ਕਿਸਾਨੀ ਲਈ ਖੇਤੀ ਘਾਟੇਵੰਦ ਕਿੱਤਾ ਹੈ।

ਦੇਸ਼-ਵੰਡ ਦੇ ਕਾਰਨ 'ਤੂਤਾਂ ਵਾਲਾ ਖੂਹ' ਦੀ ਪਰਿਵਾਰਕ ਵੰਡ ਵਿਚੋਂ ਨਜ਼ਰ ਆਉਣ ਲੱਗਦੇ ਹਨ। ਘਰਾਂ-ਪਰਿਵਾਰਾਂ ਤੋਂ ਅੱਗੇ ਫਿਰ ਫਿਰਕਿਆਂ/ਵਰਣਾਂ ਦੀ ਵੰਡ ਸ਼ੁਰੂ ਹੋ ਜਾਂਦੀ ਹੈ। ਪਹਿਲਾਂ ਸੱਜਣ ਸਿੰਘ ਹੀ ਪਿੰਡ ਵਿਚ ਇਕੋ ਨੰਬਰਦਾਰ ਸੀ। ਧੰਨੇ ਸ਼ਾਹ ਲੁਕਵੇ ਰੂਪ ਵਿਚ ਪਿੰਡ ਵਿਚ ਦੋ ਨੰਬਰਦਾਰਾਂ ਦਾ ਮੁੱਦਾ ਉਭਾਰਦਾ ਹੈ। ਮੁਸਲਮਾਨਾਂ ਵਿਚੋਂ ਇਲਮਦੀਨ ਨੂੰ ਵੀ ਨੰਬਰਦਾਰ ਬਨਾਉਣ ਦੀ ਮੰਗ ਉੱਠਦੀ ਹੈ। ਇਸ ਮੰਗ ਨੂੰ ਸਰਕਾਰ ਵੀ ਸ਼ਹਿ ਦਿੰਦੀ ਹੈ। ਨੰਬਰਦਾਰ ਦੀ ਪਿੰਡ ਵਿਚ ਅਤੇ ਸਰਦਾਰੇ-ਦਰਬਾਰੇ ਚੌਧਰ ਸੀ। ਨਾਲ ਨੰਬਰਦਾਰ ਨੂੰ ਪੰਜੋਤਰਾ ਵੀ ਮਿਲਦਾ ਸੀ।[7] ਨੰਬਰਦਾਰੀ ਦੀ ਮੁਕੱਦਮੇਬਾਜ਼ੀ ਵਿਚ ਦੋਵੇਂ ਯਾਰ ਕਰਜ਼ਾਈ ਹੋ ਜਾਂਦੇ ਹਨ ਅਤੇ ਨਾਲ ਇਕ-ਦੂਜੇ ਦੇ ਵਿਰੋਧੀ ਵੀ। ਸੱਜਣ ਸਿੰਘ ਤੇ ਇਲਮਦੀਨ ਦੀ ਪਿਤਾ-ਪੁਰਖੀ ਸਾਂਝ ਟੁੱਟ ਜਾਂਦੀ ਹੈ। ਅਖੀਰ ਸਰਕਾਰੀ ਫੈਸਲੇ ਨਾਲ ਸੱਜਣ ਸਿੰਘ ਦੇ ਨਾਲ ਇਲਮਦੀਨ ਵੀ ਪਿੰਡ ਵਿਚ ਦੂਜਾ ਨੰਬਰਦਾਰ ਬਣ ਜਾਂਦਾ ਹੈ। ਇਲਮਦੀਨ ਦੀ ਸਾਰੀ ਜ਼ਮੀਨ ਅਤੇ ਸੱਜਣ ਸਿੰਘ ਦੀ ਕੁਝ ਜ਼ਮੀਨ ਨੰਬਰਦਾਰੀ ਦੇ ਖਰਚਿਆਂ ਵਿਚ ਧੰਨੇ ਸ਼ਾਹ ਕੋਲ ਗਹਿਣੇ ਪੈ ਜਾਂਦੀ ਹੈ। ਦੋਵੇਂ ਮਾਲਕ ਤੋਂ ਧੰਨੇ ਸ਼ਾਹ ਦੇ ਮੁਜਾਰੇ ਬਣ ਜਾਂਦੇ ਹਨ। ਇਹ ਉਸ ਸਮੇਂ ਦੀ ਰਾਸ਼ਟਰੀ ਸਿਆਸਤ ਦਾ ਪੇਂਡੂ ਲੋਕ-ਰੰਗ ਹੈ। ਪਿੰਡ ਆਪਸੀ ਪਾਟੋ-ਧਾੜ ਵਿਚ ਬਦਲ ਜਾਂਦਾ ਹੈ। 'ਤੂਤਾਂ ਵਾਲਾ ਖੂਹ' ਉੱਤੇ ਹੁਣ ਸਾਂਝੀਆਂ ਮਜਲਸਾਂ ਨਹੀਂ ਲੱਗਦੀਆਂ। ਪੀਰੂ ਵਾਲੇ ਵਿਚ ਘਰਾਂ/ਪਰਿਵਾਰਾਂ ਦੀ ਪਾਟੋਧਾੜ ਅਤੇ ਫਿਰ ਜਾਤਾਂ-ਵਰਣਾਂ ਦਾ ਵਿਰੋਧ ਅੱਗੇ ਜਾ ਕੇ ਦੇਸ਼-ਵੰਡ ਦਾ ਸਬੱਬ ਵੀ ਬਣਦਾ ਹੈ ਤੇ ਪੂਰਵ-ਸੂਚਨਾ ਵੀ। ਇਸ ਨਾਵਲ ਵਿਚ ਆਪਸੀ ਵਿਰੋਧ ਤੇ ਸਾਂਝਾਂ ਦੀ ਮਿਸ਼ਰਤ ਪੇਸ਼ਕਾਰੀ ਹੈ। ਸਪੱਸ਼ਟ ਹੈ ਕਿ ਵੰਡ ਨਿਰੀ ਵੱਡੇ ਸਿਆਸੀ ਨੇਤਾਵਾਂ ਦਾ ਹੀ ਕਾਰਾ ਨਹੀਂ ਸੀ, ਇਸ ਦੀਆਂ ਜੜ੍ਹਾਂ ਸਾਡੀ ਲੋਕ ਮਾਨਸਿਕਤਾ ਨਾਲ ਵੀ ਜੁੜੀਆਂ ਵਿਖਾਈ ਦਿੰਦੀਆਂ ਹਨ। ਅੱਜ ਵੀ ਪਿੰਡਾਂ ਵਿਚ ਸਰਪੰਚ ਬਣਨ ਦੀ ਦੌੜ ਹੀ ਵੱਖ-ਵੱਖ ਗੁੱਟਾਂ ਤੇ ਧੜਿਆਂ ਦਾ ਕਾਰਨ ਬਣੀ ਹੋਈ ਹੈ।

ਪਰ ਬਾਬਾ-ਅਕਾਲੀ ਸਰਵ-ਸਾਂਝੀਵਾਲਤਾ ਦਾ ਮੁਦੱਈ ਹੈ। ਇਹ ਨਾਵਲਕਾਰ ਦੀ ਮਾਨਵੀ ਦ੍ਰਿਸ਼ਟੀ ਦਾ ਪ੍ਰਤਿਨਿਧ ਪਾਤਰ ਹੈ। ਇਹ ਪਿੰਡ ਵਿਚ ਜਾਤ ਜਾਂ ਫਿਰਕੇ ਦੇ ਆਧਾਰ 'ਤੇ ਦੋ ਨੰਬਰਦਾਰ ਬਣਨ ਦਾ ਵਿਰੋਧ ਕਰਦਾ ਹੈ। ਇਹ **ਤੂਤਾਂ ਵਾਲਾ ਖੂਹ** ਉੱਤੇ ਦੋ ਧੜਿਆਂ ਦੇ ਵੱਖਰੇ-ਵੱਖਰੇ ਇਕੱਠ ਤੋਂ ਵੀ ਪਰੇਸ਼ਾਨ ਰਹਿੰਦਾ ਹੈ। ਪਿੰਡ ਵਿਚ ਬਾਬਾ ਅਕਾਲੀ ਵੱਖ-ਵੱਖ ਲਹਿਰਾਂ, ਨੇਤਾਵਾਂ, ਘਟਨਾਵਾਂ ਦੀ ਜਾਣਕਾਰੀ ਦਾ ਰੇਡੀਓ ਹੈ। ਕਿਉਂਕਿ, ਇਹ ਗਦਰ ਲਹਿਰ ਨਾਲ ਸਬੰਧਿਤ ਪੁਰਾਣਾ ਆਜ਼ਾਦੀ ਘੁਲਾਟੀਆ ਹੈ। ਇਸ ਦਾ ਹਰ ਲਹਿਰ ਤੇ ਨੇਤਾ ਬਾਰੇ ਸਤਿਕਾਰਤ ਵਤੀਰਾ ਹੈ। ਬਾਬਾ ਜੀ ਦਾ ਹਰ ਲਹਿਰ ਤੇ ਨੇਤਾ ਬਾਰੇ ਇਕ ਸੰਤੁਲਿਤ ਤੇ ਹਾਂ-ਪੱਖੀ ਲੇਖਾ-ਜੋਖਾ ਹੈ। ਇਸ ਨੂੰ ਦੇਸ਼ ਦੀ ਵੰਡ ਹੋ ਜਾਣ ਦਾ ਝੋਰਾ ਹੈ। ਫਿਰ ਵੀ ਇਹ ਆਉਣ ਵਾਲੀਆਂ ਮੁਸੀਬਤਾਂ ਨੂੰ ਨਜਿੱਠਣ ਬਾਰੇ ਹੌਂਸਲੇ ਵਿਚ ਹੈ। ਬਾਬੇ ਅਕਾਲੀ ਰਾਹੀਂ ਨਾਵਲਕਾਰ ਜੀਵਨ ਦੇ ਵਹਿਣ ਦੀ ਗਤੀਸ਼ੀਲਤਾ ਜਾਂ ਅੱਗੇ ਚੱਲਦੇ ਰਹਿਣ ਦਾ ਵਿਸ਼ਵਾਸ ਦਿੰਦਾ ਹੈ। ਇਲਮਦੀਨ ਤੇ ਸੱਜਣ ਸਿੰਘ ਵਰਗੇ ਨੰਬਰਦਾਰੀ ਦੇ ਮੁਕਾਬਲੇ ਵਿਚ ਇਕ-ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ, ਪਰ ਇਹ ਦੇਸ਼-ਵੰਡ ਹੋ ਜਾਣ 'ਤੇ ਇਕ-ਦੂਜੇ ਦੇ ਗਲ਼ ਲੱਗ ਕੇ ਭੁੱਬੀਂ ਰੋਂਦੇ ਹਨ। ਇਨ੍ਹਾਂ ਲਈ ਦੇਸ਼-ਵੰਡ ਪਰਿਵਾਰਾਂ ਦੀ ਵੰਡ ਤੇ ਸਰਵ-ਸਾਂਝੀ ਪੰਜਾਬੀਅਤ ਦੀ ਵੰਡ ਜਾਪਦੀ ਹੈ। ਇਸ ਸਥਿਤੀ ਵਿਚੋਂ ਬੰਦੇ ਅੰਦਰਲੀ ਵੱਖਰੀ-ਵੱਖਰੀ ਮਨੋਸਥਿਤੀ ਦੇ ਬਹੁ-ਪਰਤੀ ਰੂਪ ਸਾਹਮਣੇ ਆਉਂਦੇ ਹਨ। ਨਾਵਲ ਵਿਚ ਬੰਦੇ ਦੀ ਮਨੋਸਥਿਤੀ ਦੀ


ISSN : 2395-1273

ਸਿੱਧ-ਪੁੱਠ ਅਥਵਾ ਵੰਨ-ਸੁਵੰਨਤਾ ਪੇਸ਼ ਹੋਈ ਹੈ। ਨਾਵਲੀ ਪਾਤਰ ਇਕਹਿਰੇ ਨਹੀਂ, ਜਟਿਲ ਵਿਹਾਰ ਵਾਲੇ ਹਨ। ਅਸੀਂ ਅਕਸਰ ਹੀ ਧਾਰਮਿਕ ਤੇ ਜਾਤੀ ਡੋਰ ਦੇ ਤੁਣਕਿਆਂ ਵਿਚ ਇਨਸਾਨੀਅਤ ਤੇ ਮਾਨਵਤਾ ਨੂੰ ਭੁੱਲ-ਭੁਲਾ ਜਾਂਦੇ ਹਾਂ। ਇਸ ਨਾਲ ਸਾਂਝੀ ਰਹਿਣੀ-ਸਹਿਣੀ ਵਿਚੋਂ ਪਾਟੋਧਾੜ ਦੇ ਜਵਾਰਭਾਟੇ ਉੱਠਣ ਲੱਗਦੇ ਹਨ। ਨਾਵਲਕਾਰ ਨੇ ਆਪਣੀ ਸੂਖਮ ਸਮਾਜਕ ਦ੍ਰਿਸ਼ਟੀ ਤਹਿਤ ਸਾਡੀਆਂ ਸੋਚਾਂ ਅੰਦਰਲੇ ਪੋਲ ਨੂੰ ਬਾਖ਼ੂਬੀ ਪ੍ਰਗਟਾਇਆ ਹੈ।

ਸੁੰਦਰ ਸਿੰਘ ਤੇ ਫਜ਼ਲ ਹੱਕ ਵਰਗੇ ਫਿਰਕਾਪ੍ਰਸਤੀ ਨੂੰ ਉਭਾਰਨ ਵਾਲੇ ਕੁਝ ਖੁਦਗਰਜ਼ ਨੇਤਾ ਸਨ। ਇਹ ਮੁੱਖ ਸਿਆਸੀ ਲਹਿਰਾਂ ਤੋਂ ਪਾਸੇ ਹੋਏ ਜਾਂ ਨਜ਼ਰ-ਅੰਦਾਜ਼ ਕੀਤੇ ਪਾਤਰ ਹਨ। ਇਹ ਆਪਣੀ ਨਫ਼ਰਤੀ ਸਿਆਸਤ ਉੱਤੇ ਆਪਣੀ ਸਿਆਸੀ ਦਾਲ-ਰੋਟੀ ਚਲਾਉਂਦੇ ਹਨ। ਸਪੱਸ਼ਟ ਹੈ ਕਿ ਸਾਡੀ ਸੋਚ ਵਿਚ ਭਾਵੁਕਤਾ ਤੇ ਉਲਾਰਤਾ ਵੀ ਹੈ, ਜੋ ਕਿਸੇ ਵੀ ਚੰਗਿਆੜੀ ਨਾਲ ਭਟਕ ਉੱਠਦੀ ਹੈ। ਸਾਡੀ ਸਰਵ-ਸਾਂਝੀਵਾਲਤਾ ਕਦੋਂ ਤਾਰ-ਤਾਰ ਹੋ ਜਾਵੇ, ਇਸ ਬਾਰੇ ਹਮੇਸ਼ਾ ਬੇਯਕੀਨੀ ਦਾ ਧੁੜਕੂ ਬਣਿਆ ਰਹਿੰਦਾ ਹੈ। ਅਜਿਹੀ ਵੰਨਗੀ ਤੋਂ ਹੀ ਅੱਗੇ ਦੋ ਕੌਮਾਂ ਦਾ ਸਿਧਾਂਤ ਬਲ ਫੜ੍ਹਦਾ ਹੈ। ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਜਿਹੇ ਸਿਧਾਂਤ ਨੂੰ ਹਵਾ ਦਿੰਦੀ ਹੈ। **ਤੂਤਾਂ ਵਾਲੇ ਖ਼ੂਹ** ਉੱਤੇ ਦੋ ਮਜਲਸਾਂ, ਦੋ ਬੈਠਕਾਂ ਅਤੇ 'ਦੋ ਤਖ਼ਤ ਪੋਸ਼ਾ 'ਤੇ ਤਾਸ਼ ਖੇਡਣ ਦੇ ਵੱਖਰੇ-ਵੱਖਰੇ ਗੁੱਟ' ਉੱਭਰਨ ਲੱਗਦੇ ਹਨ।[8] ਇਸ ਸਥਿਤੀ ਵਿਚ ਬਾਬਾ ਅਕਾਲੀ ਵਰਗਾ ਆਪਣੇ-ਆਪ ਨੂੰ ਪਿੰਡ ਵਿਚ ਓਪਰਾ ਜਾਂ ਬੇਗਾਨਾ ਮਹਿਸੂਸ ਕਰਦਾ ਹੈ। ਧੰਨੇ ਸ਼ਾਹ ਫਿਰਕੂ ਚੁਆਤੀ ਲਾਉਣ ਲਈ ਫਜ਼ਲ ਸ਼ਾਹ (ਮੁਸਲਮਾਨ ਪਾਤਰ) ਨੂੰ ਵਰਤਦਾ ਹੈ। 'ਖ਼ੂਹ ਉੱਤੇ ਸੂਰ ਮਾਰ ਕੇ ਸੁੱਟ ਦਿੱਤਾ ਜਾਂਦਾ ਹੈ'।[9] ਇਸ ਨਾਲ ਪਿੰਡ ਤੇ ਇਲਾਕੇ ਵਿਚ ਫਿਰਕਾਪ੍ਰਸਤੀ ਦੀ ਅੱਗ ਭੜਕ ਪੈਂਦੀ ਹੈ। ਅਜਿਹੀ ਅੱਗ ਵਿਚੋਂ ਹੀ 'ਮੁਸਲਮਾਨਾਂ ਵਿਚ ਵੱਖਰੀ ਕੌਮ' ਦਾ ਨਾਹਰਾ ਉੱਠਦਾ ਹੈ।[10] ਇਹ ਨਾਹਰਾ ਹੀ ਅੱਗੇ ਪਾਕਿਸਤਾਨ ਅਥਵਾ ਵੱਖਰੇ ਦੇਸ਼ ਦੇ ਰੂਪ ਵਿਚ ਬਲ ਫੜ੍ਹਦਾ ਹੈ। ਸੁੰਦਰ ਸਿੰਘ ਤੇ ਫਜ਼ਲ ਸ਼ਾਹ ਵਰਗੇ ਫਿਰਕੂ ਨਾਹਰੇ ਦੇਣ ਵਾਲੇ ਕਾਮਯਾਬ ਹੋ ਜਾਂਦੇ ਹਨ। 'ਅੱਲਾ ਹੂ ਅਕਬਰ' ਤੇ 'ਸਤਿ ਸ੍ਰੀ ਅਕਾਲ' ਦਾ ਰਾਜਸੀ ਭੇੜ ਸ਼ੁਰੂ ਹੋ ਜਾਂਦਾ ਹੈ। ਅਜਿਹੇ ਭੇੜ ਅੱਗੇ ਬਾਬਾ ਅਕਾਲੀ (ਕਾਲੀ) ਹਿੱਕ ਡਾਹ ਕੇ ਖਲੋਂਦਾ ਹੈ। ਭਾਵੇਂ ਬਾਬੇ ਅਕਾਲੀ ਵੱਲੋਂ ਕੀਤੀ ਫਿੱਟ-ਲਾਹਨਤ ਨਾਲ ਪਿੰਡ ਪੱਧਰ 'ਤੇ ਆਪਸੀ ਫਸਾਦ ਤਾਂ ਟਲ ਜਾਂਦਾ ਹੈ, ਪਰ ਵੱਡੇ ਨੇਤਾਵਾਂ ਦੀ ਸਿਆਸਤ ਵਿਚ ਦੇਸ਼ ਵੰਡਿਆਂ ਜਾਂਦਾ ਹੈ। ਦੇਸ਼-ਵੰਡ ਦੇ ਵਾਪਰੇ ਦੁਖਾਂਤ ਪਿੱਛੇ ਕਿਹੜੇ ਵਿਅਕਤੀਗਤ ਤੇ ਸਿਆਸੀ ਸਰੋਕਾਰ ਕੰਮ ਕਰ ਰਹੇ ਸਨ, ਇੰਨ੍ਹਾਂ ਪੱਖਾਂ ਤੋਂ ਅੱਜ ਇਹ ਨਾਵਲ ਕਿਸੇ ਇਤਿਹਾਸਕ ਦਸਤਾਵੇਜ਼ ਤੋਂ ਘੱਟ ਨਹੀਂ ਹੈ। ਅਖ਼ੀਰ ਧੰਨੇ ਸ਼ਾਹ ਦੇ ਲਾਲਚੀ ਤੇ ਦੋਗਲੇ ਕਿਰਦਾਰ ਦਾ ਭੇਤ ਖੁੱਲ੍ਹ ਜਾਂਦਾ ਹੈ। ਫਿਰਕੂ-ਫਸਾਦਾਂ ਵਿਚ ਧੰਨੇ ਸ਼ਾਹ ਦਾ ਪੁੱਤ ਮਾਰਿਆ ਜਾਂਦਾ ਹੈ। ਇਸ ਦੀ ਨੂੰਹ ਫਜ਼ਲ ਸ਼ਾਹ ਦੀ ਟੋਲੀ ਵੱਲੋਂ ਚੁੱਕ ਲਈ ਜਾਂਦੀ ਹੈ। ਧੰਨੇ ਸ਼ਾਹ ਆਪਣੀ ਘਰਵਾਲੀ ਨਾਲ ਸਿਰਫ਼ ਤਨ ਦੇ ਕਪੜਿਆਂ ਵਿਚ ਫਿਰੋਜ਼ਪੁਰ ਪਹੁੰਚਦਾ ਹੈ। ਅਖ਼ੀਰ ਇਸ ਦੀ ਹਾਲਤ ਪਾਗਲਾਂ ਵਰਗੀ ਹੋ ਜਾਂਦੀ ਹੈ। ਇਸ ਉੱਤੇ 'ਕਰ ਬੁਰਾ ਹੋ ਬੁਰਾ' ਦੀ ਹੋਣੀ ਵਾਪਰਦੀ ਹੈ। ਦੂਜੇ ਪਾਸੇ ਇਲਮਦੀਨ ਦੇਸ਼-ਵੰਡ ਦੇ ਵਿਛੋੜੇ ਕਾਰਣ ਭੁੱਬੀਂ ਰੋਂਦਾ ਹੈ। ਇਸ ਨੂੰ ਸੱਜਣ ਸਿੰਘ ਨਾਲ ਕੀਤੇ 'ਤੇ ਘੋਰ ਪਛਤਾਵਾ ਹੁੰਦਾ ਹੈ।

ਧੰਨੇ ਸ਼ਾਹ ਵਰਗੀ ਸਰਮਾਏਦਾਰ ਜਮਾਤ ਹਰ ਸਮੇਂ ਸਥਾਪਤੀ ਦੇ ਅੰਗ-ਸੰਗ ਰਹਿੰਦੀ ਹੈ। ਧੰਨੇ ਸ਼ਾਹ ਮੁਤਾਬਿਕ 'ਅੱਜ ਅੰਗਰੇਜ਼ ਦਾ ਰਾਜ ਏ, ਤਾਂ ਅਸੀਂ ਉਨ੍ਹਾਂ ਦੇ ਨਾਲ ਆਂ। ਭਲਕੇ ਕਾਂਗਰਸ ਦਾ ਰਾਜ ਹੋ ਜਾਵੇਗਾ ਤਾਂ ਅਸੀਂ ਵੀ ਗਾਂਧੀ ਟੋਪੀ ਪਾ ਲਵਾਂਗੇ। '[11] ਨਾਵਲਕਾਰ ਮੁਤਾਬਿਕ ਸਰਮਾਏਦਾਰ ਜਾਂ ਵਪਾਰੀ ਹਮੇਸ਼ਾਂ ਹਾਕਮ ਧਿਰ ਦਾ ਬੰਦਾ ਰਹਿੰਦਾ ਹੈ। ਧੰਨੇ ਸ਼ਾਹ ਮੁਤਾਬਿਕ ਆਪਣੇ ਕਾਂਗਰਸੀ ਰਾਜ ਵੇਲੇ ਜ਼ਰਾਇਤ ਪੇਸ਼ਾ ਤੇ ਗੈਰ-ਜ਼ਰਾਇਤ ਪੇਸ਼ਾ ਦਾ ਸਵਾਲ ਖਤਮ ਹੋ ਜਾਵੇਗਾ। ਇਸ ਨਾਲ ਹਿੰਦੂ ਜ਼ਮੀਨ ਦੀ ਸਿੱਧੀ ਰਜਿਸਟਰੀ ਕਰਵਾ ਸਕਣਗੇ। ਉੱਪਰਲੇ ਜਾਂ ਅਮੀਰ ਧਿਰ ਬਦਲ ਰਹੀ ਹਕੂਮਤ ਵਿਚੋਂ ਆਪਣੇ ਸੁਆਰਥੀ ਹਿੱਤਾਂ ਦੀ ਸੁਰੱਖਿਅਤਾ ਵੇਖਦੀ ਹੈ।

ਇਹ ਰਚਨਾ ਇਤਿਹਾਸਕਾਰ ਰੂਪੀ ਗਲਪਕਾਰ ਦੀ ਨਜ਼ਰ ਰਾਹੀਂ ਪੇਸ਼ ਹੋਈ ਹੈ। ਇਸ ਨਾਵਲ ਦਾ ਇਕ ਮਹੱਤਵ ਦੇਸ਼-ਵੰਡ ਦੇ ਦੁਖਾਂਤ ਸਬੰਧੀ ਰਾਜਸੀ ਦਸਤਾਵੇਜ਼ ਵਜੋਂ ਹੈ। ਦੇਸ਼ ਦੀ ਸੁਤੰਤਰਤਾ ਲਹਿਰ ਤੇ ਇਸ ਨਾਲ ਜੁੜੇ ਨੇਤਾਵਾਂ ਦੀ ਕਾਰਗੁਜ਼ਾਰੀ ਦਾ ਵਸਤੂ ਵੇਰਵਾ ਤੱਥ-ਸੱਚ ਦੀ ਇਤਿਹਾਸਕ ਕਸੌਟੀ 'ਤੇ ਪੂਰਾ ਉਤਰਦਾ ਹੈ। ਸੰਸਾਰ ਜੰਗਾਂ ਕਾਰਨ ਮੰਦਾ ਆਉਂਦਾ ਹੈ। ਜੰਗਾਂ ਦੀ ਲੋੜ੍ਹ ਵਜੋਂ ਜ਼ਬਰੀ ਭਰਤੀ ਕੀਤੀ ਜਾਂਦੀ ਹੈ। ਅੰਗਰੇਜ਼ਾਂ ਵਿਰੋਧੀ ਕੁਝ ਰਾਜਨੀਤਕ ਲਹਿਰਾਂ ਦੇ ਅੰਸ਼ਕ ਵੇਰਵੇ ਉੱਨੀਵੀਂ ਸਦੀ ਦੇ ਪਿਛਲੇ ਅੱਧ ਨਾਲ ਵੀ ਸਬੰਧਿਤ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਆਜ਼ਾਦੀ (1947) ਤਕ ਦੀਆਂ ਸਮੁੱਚੀਆਂ ਬਗਾਵਤੀ ਤੇ ਸੰਘਰਸ਼ੀ ਸੁਰਾਂ ਦੇ ਸੰਖੇਪ ਵੇਰਵੇ ਨਾਵਲ ਵਿਚ ਦਰਜ਼ ਹਨ। ਜਿਵੇਂ 1857 ਦਾ ਵਿਦਰੋਹ, ਕੂਕਾ ਲਹਿਰ (1871),

ਕਾਂਗਰਸ ਦੀ ਸਥਾਪਨਾ (1881), ਗਦਰ ਲਹਿਰ (1914) ਅਕਾਲੀ ਲਹਿਰ (1920), ਆਦਿ ਦੀ ਪੈੜਚਾਲ ਵਿਚ ਹੀ ਅੱਗੇ ਸੁਤੰਤਰਤਾ ਲਈ ਸਾਂਝੇ ਸੰਗਰਾਮ ਦਾ ਪਿੜ ਬੱਝਦਾ ਹੈ। ਮਹਾਤਮਾ ਗਾਂਧੀ, ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਸੋਹਣ ਸਿੰਘ ਭਕਨਾ, ਵਿਸਾਖਾ ਸਿੰਘ ਦਦੇਹਰ, ਭਾਈ ਪਰਮਾਨੰਦ, ਡਾਕਟਰ ਮਥਰਾ ਸਿੰਘ, ਊਧਮ ਸਿੰਘ, ਸ਼ਹੀਦ ਭਗਤ ਸਿੰਘ ਵਰਗੇ ਇਤਿਹਾਸਕ ਪਾਤਰਾਂ ਦਾ ਵੀ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਨਾਲ ਹੀ ਉਸ ਸਮੇਂ ਦੀਆਂ ਵੱਡੀਆਂ ਘਟਨਾਵਾਂ ਜਿਵੇਂ ਜਲ੍ਹਿਆਂ ਵਾਲੇ ਬਾਗ ਦਾ ਦੁਖਾਂਤ, ਬਜਬਜ ਘਾਟ (ਕਾਮਾਗਾਟਾ ਮਾਰੂ) ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦਾਂ ਦਾ ਸਾਕਾ, ਜੈਤੋ ਦਾ ਮੋਰਚਾ, ਕਾਂਗਰਸ ਦਾ ਸਤਿਆਗ੍ਰਹਿ, ਨਾ-ਮਿਲਵਰਤਨ ਲਹਿਰ ਅਤੇ ਰਕਾਬਗੰਜ (ਦਿੱਲੀ) ਦੀ ਕੰਧ ਢਾਹੁਣ ਦੀਆਂ ਘਟਨਾਵਾਂ ਨਾਲ ਪਾਠਕ ਦੇ ਸਾਹਮਣੇ ਪੂਰਾ ਰਾਜਸੀ ਚਿੱਤਰ ਸਾਹਮਣੇ ਆ ਜਾਂਦਾ ਹੈ। ਨਾਵਲਕਾਰ 'ਸਿੰਘ ਸਭਾ' ਨੂੰ ਸਿੱਖਾਂ ਵਿਚ ਵੱਡੀ ਧਾਰਮਿਕ ਤੇ ਭਾਈਚਾਰਕ ਸੂਝ-ਬੂਝ ਪੈਦਾ ਕਰਨ ਵਾਲੀ ਲਹਿਰ ਮੰਨਦਾ ਹੈ।[12] ਇਸ ਨਾਲ ਆਈ ਜਾਗਰਤੀ ਤੋਂ ਹੀ ਅੱਗੇ ਗੁਰਦੁਆਰਾ ਸੁਧਾਰ ਲਹਿਰ ਦਾ ਪਿੜ ਬੱਝਦਾ ਹੈ। 'ਸ਼ੁਰੂ ਵਿਚ ਹਿੰਦੂ ਤੇ ਮੁਸਲਮਾਨ ਗੁਰਦੁਆਰਾ ਸੁਧਾਰ ਲਹਿਰ ਵਿਚ ਮਦਦਗਾਰ ਵਿਖਾਏ ਗਏ ਹਨ'।[13] ਨਾਲ ਹੀ ਇਨ੍ਹਾਂ ਨਾਲ ਜੁੜੇ ਵੱਡੇ ਨੇਤਾਵਾਂ ਭਾਈ ਰਣਧੀਰ ਸਿੰਘ, ਤੇਜਾ ਸਿੰਘ ਭੁੱਚਰ, ਲਛਮਣ ਸਿੰਘ ਧੀਰੋਵਾਲ ਤੇ ਮਹੰਤ ਨਰੈਣ ਦਾਸ ਵਗੈਰਾ ਦਾ ਜ਼ਿਕਰ ਹੈ। ਰਾਜਸੀ ਲਹਿਰਾਂ, ਘਟਨਾਵਾਂ ਤੇ ਇਨ੍ਹਾਂ ਨਾਲ ਜੁੜੇ ਨੇਤਾਵਾਂ ਦੇ ਜ਼ਿਕਰ ਨਾਲ ਨਾਵਲ ਦੇ ਰਾਜਸੀ ਬਿਰਤਾਂਤ ਵਿਚ ਸੰਘਣਨ ਪੈਦਾ ਹੁੰਦਾ ਹੈ।

ਅੰਗਰੇਜ਼ਾਂ ਵਿਰੁੱਧ ਉੱਠੀਆਂ ਸਭ ਲਹਿਰਾਂ ਤੇ ਬਗਾਵਤਾਂ ਦਾ ਸਾਂਝਾ ਉਦੇਸ਼ ਆਜ਼ਾਦੀ ਸੀ। ਹਰੇਕ ਆਪਣੇ ਰਾਜ/ਸਵੈ-ਰਾਜ ਲਈ ਉਤਸ਼ਾਹ ਵਿਚ ਸਰਗਰਮ ਸੀ। ਪਰ ਇਸ ਸੁਤੰਤਰਤਾ ਸੰਗਰਾਮ ਦਾ ਸਿੱਟਾ ਸਾਡੀ ਪਾਟੋਧਾੜ ਤੇ ਦੇਸ਼-ਵੰਡ ਵਿਚ ਨਿਕਲਿਆ ਸੀ। ਇਸ ਦੇ ਕਾਰਨ ਸਾਡੀਆਂ ਵਿਅਕਤੀਗਤ ਕਮਜ਼ੋਰੀਆਂ, ਸਾਡੇ ਨੇਤਾਵਾਂ ਦੀਆਂ ਕੂਟਨੀਤਕ ਚਾਲਾਂ ਤੇ ਸੱਤਾ ਦੀ ਭੁੱਖ ਨਾਲ ਜੁੜੇ ਹੋਏ ਹਨ। ਇਨ੍ਹਾਂ ਸਾਰੇ ਪਾਤਰਾਂ, ਲਹਿਰਾਂ ਅਤੇ ਵੱਡੀਆਂ ਘਟਨਾਵਾਂ ਦੇ ਪ੍ਰਸੰਗ 'ਬਾਬਾ ਅਕਾਲੀ' ਵੱਲੋਂ ਕੀਤੀ ਵਾਰਤਾਲਾਪ ਵਿੱਚੋਂ ਉੱਭਰਦੇ ਹਨ। ਉਂਜ ਇਹ ਸਿਆਸੀ ਵੇਰਵੇ ਵਰਣਾਤਮਿਕ ਹੋਣ ਕਰਕੇ ਨਾਵਲ ਦੇ ਗਲਪ ਬਿੰਬ ਲਈ ਕੁਝ ਕਮਜ਼ੋਰੀ ਦਾ ਰੂਪ ਵੀ ਹਨ। ਨਾਵਲਕਾਰ ਮੁਤਾਬਿਕ ਸੰਤਾਲੀ ਤੋਂ ਪਹਿਲਾਂ ਦਾ ਸਮਾਂ ਵੱਖ-ਵੱਖ ਆਦਰਸ਼ਾਂ ਦੀ ਭਾਵ-ਪ੍ਰੇਰਣਾ ਦਾ ਸਮਾਂ ਸੀ। ਅਸੀਂ ਗੁਰਦੁਆਰਿਆਂ ਦੇ ਆਪਣੇ ਪ੍ਰਬੰਧ ਅਤੇ ਦੇਸ਼ ਦੀ ਆਜ਼ਾਦੀ ਦੇ ਸੁਪਨਿਆਂ ਵਿਚੋਂ ਲੰਘ ਰਹੇ ਸੀ। ਇਸ ਨਾਵਲ ਵਿਚੋਂ ਅੰਗਰੇਜ਼ ਸਾਮਰਾਜ ਦੇ ਮਨਸੂਬਿਆਂ ਦੀ ਵੀ ਸਮਝ ਪੈਂਦੀ ਹੈ। ਅੰਗਰੇਜ਼ ਵੱਖ-ਵੱਖ ਤਰ੍ਹਾਂ ਦੇ ਸਖ਼ਤ ਕਾਨੂੰਨਾਂ ਰਾਹੀਂ ਜਿਵੇਂ-ਕਿਵੇਂ ਭਾਰਤੀਆਂ ਨੂੰ ਗੁਲਾਮ ਰੱਖਣਾ ਚਾਹੁੰਦੇ ਸਨ। ਉਨ੍ਹਾਂ ਨੂੰ ਭਾਰਤੀਆਂ ਦੀ ਸਮਾਜਕ ਤੇ ਰਾਜਸੀ ਏਕਤਾ ਅੱਖਰਦੀ ਸੀ। ਇਸ ਕਰਕੇ ਉਹ ਜਿਵੇਂ-ਕਿਵੇਂ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਅਪਣਾ ਰਹੇ ਸਨ। ਅੰਗਰੇਜ਼ਾਂ ਦੇ ਵਿਰੋਧ ਵਿਚ ਹਥਿਆਰਬੰਦ ਵਿਦਰੋਹ ਵੀ ਹੋ ਰਹੇ ਸਨ। ਸਾਰੇ ਭਾਰਤ ਵਿਚ ਸ਼ਾਂਤਮਈ ਅੰਦੋਲਨ ਤੇ ਸਤਿਆਗ੍ਰਹਿ ਹੋ ਰਹੇ ਸਨ। ਅੰਗਰੇਜ਼ੀ ਰਾਜ ਵਿਰੁੱਧ ਨੌਜਵਾਨਾਂ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਨਾਲ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਅੰਗਰੇਜ਼ੀ ਰਾਜ ਦੇ ਕੋਹਜ ਨੂੰ ਉਘਾੜਿਆ ਜਾ ਰਿਹਾ ਸੀ। ਕਿਤੇ ਅਕਾਲੀ ਤੇ ਕਾਂਗਰਸੀ ਲਹਿਰਾਂ ਸ਼ਾਂਤਮਈ ਢੰਗ-ਤਰੀਕਿਆਂ ਨਾਲ ਵਿਦੇਸ਼ੀ ਰਾਜ ਲਈ ਮੁਸੀਬਤ ਬਣੀਆਂ ਹੋਈਆਂ ਸਨ। ਇਕ ਤਰ੍ਹਾਂ ਨਾਲ ਸਮੁੱਚਾ ਹਿੰਦੋਸਤਾਨ ਤੇ ਪੰਜਾਬ ਰਾਜਸੀ ਸਰਗਰਮੀਆਂ ਵਿਚੋਂ ਗੁਜ਼ਰ ਰਿਹਾ ਸੀ। ਇਸ ਕਰਕੇ ਡਾ. ਟੀ.ਆਰ. ਵਿਨੋਦ **ਤੂਤਾਂ ਵਾਲੇ ਖੂਹ** ਨੂੰ 'ਰਾਸ਼ਟਰੀ ਸੁਭਾਅ ਵਾਲੀ ਰਚਨਾ' ਮੰਨਦਾ ਹੈ।[14] ਪੰਜਾਬ ਬਾਕੀ ਦੇਸ਼ ਨਾਲੋਂ ਬਾਅਦ ਵਿਚ ਅੰਗਰੇਜ਼ੀ ਰਾਜ ਹੇਠ ਆਇਆ ਸੀ। ਇਸ ਕਰਕੇ ਪੰਜਾਬ ਵਿਚ ਗੁਲਾਮੀ ਵਿਰੁੱਧ ਜ਼ੋਸ ਤੇ ਜ਼ਜਬਾ ਵਧੇਰੇ ਸੀ। ਇਹ ਸਾਰੀਆਂ ਪਰਤਾਂ/ਤੰਦਾਂ ਤੇ ਸੁਰਾਂ ਬਿਨਾਂ ਕਿਸੇ ਵਿਤਕਰੇ ਦੇ ਨਾਵਲ ਵਿਚ ਪੇਸ਼ ਹੋਈਆਂ ਹਨ। ਇਹ ਨਾਵਲਕਾਰ ਦੀ ਸੰਤੁਲਿਤ ਤੇ ਉਸਾਰੂ ਨਾਵਲੀ ਦ੍ਰਿਸ਼ਟੀ ਦਾ ਪ੍ਰਮਾਣ ਹੈ। ਸੀਤਲ ਸਭ ਧਰਮਾਂ ਤੇ ਫਿਰਕਿਆਂ ਦੇ ਰਾਜਸੀ ਨੇਤਾਵਾਂ ਦੀ ਕਾਰਗੁਜ਼ਾਰੀ ਬਿਨਾਂ ਕਿਸੇ ਭੇਦ-ਭਾਵ ਦੇ ਉਤਸ਼ਾਹੀ ਤੇ ਸਤਿਕਾਰਿਤ ਲਹਿਜ਼ੇ ਵਿਚ ਪੇਸ਼ ਕਰਦਾ ਹੈ। ਇਹ ਨਾਵਲ ਸਾਡੀ ਹਿੰਦੂਆਂ, ਸਿੱਖਾਂ ਤੇ ਮੁਸਲਮਾਨ ਦੀ ਸਮਾਜਕ 'ਤੇ ਰਾਜਸੀ ਏਕਤਾ ਅਤੇ ਫਿਰ ਪਾਟੋਧਾੜ ਸਬੰਧੀ ਵੱਡੀ ਗਲਪ ਰਚਨਾ ਹੈ। ਆਖ਼ਿਰ ਅੰਗਰੇਜ਼ ਆਪਣੀ ਕੂਟ-ਨੀਤੀ ਕਾਰਨ ਭਾਰਤ ਦੀ ਆਜ਼ਾਦੀ ਨੂੰ ਦੋ ਦੇਸ਼ਾਂ ਦੀ ਵੰਡ ਕਰਨ ਵਿਚ ਕਾਮਯਾਬ ਹੋ ਗਏ ਸਨ। ਇਸ ਦੇ ਬਾਵਜੂਦ ਨਾਵਲ ਵਿਚੋਂ ਇਹ ਸੰਦੇਸ਼ ਅਵੱਸ਼ ਉੱਭਰਦਾ ਹੈ ਕਿ ਆਮ ਹਾਲਤਾਂ ਵਿਚ ਲੋਕਾਂ ਵਿਚ ਵੱਡੀ ਭਾਈਚਾਰਕ ਏਕਤਾ ਬਣੀ ਰਹਿੰਦੀ ਹੈ। ਅਕਸਰ ਹੀ ਸਾਡੀ ਸਰਵ-ਸਾਂਝੀ ਪੰਜਾਬੀਅਤ ਨੂੰ ਰਾਜਸੀ 'ਤੇ ਫਿਰਕੂ ਕਾਰਕੁਨਾਂ ਵੱਲੋਂ ਹੀ ਢਾਹ ਲਗਦੀ ਰਹੀ ਹੈ।

ਇਹ ਨਾਵਲ ਸਾਡੀ ਸਾਂਝੀ ਰਹਿਤਲ ਅਤੇ ਇਸ ਵਿਚ ਆਏ ਪਾਟਕ ਦਾ ਪ੍ਰਤਿਨਿਧ ਨਮੂਨਾ ਹੈ। ਇਹ ਇਕੋਂ


**www.sanvad.org**
ISSN : 2395-1273

ਸਮੇਂ ਘਰੇਲੂ ਤੇ ਰਾਸ਼ਟਰੀ ਸਰੋਕਾਰਾਂ ਨਾਲ ਸਬੰਧਿਤ ਯਥਾਰਥਕ ਰਚਨਾ ਹੈ। ਇਸ ਦਾ ਇਕ ਅਹਿਮ ਪੱਖ ਦੇਸ਼-ਵੰਡ ਦੇ ਦੁਖਾਂਤ ਦੇ ਕਾਰਨਾਂ ਦੀ ਸਮਝ ਦੇਣ ਵਿਚ ਹੈ। ਅਜਿਹੀ ਪੇਸ਼ਕਾਰੀ ਵਾਲੀ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਹ ਇਕੋ-ਇਕ ਰਚਨਾ ਹੈ। ਇਹ ਬਿਨ੍ਹਾਂ ਕਿਸੇ ਪੱਖਪਾਤ ਦੇ ਸਮੇਂ ਦੀਆਂ ਸਿਆਸਤਾਂ ਅਤੇ ਪੰਜਾਬ ਦੇ ਸਮਾਜ-ਇਤਿਹਾਸ ਦੀ ਖਾਲਸ ਪੇਸ਼ਕਾਰੀ ਦਾ ਉੱਤਮ ਨਮੂਨਾ ਹੈ। ਸੀਤਲ ਦਾ ਇਹ ਨਾਵਲ ਨਾ ਆਦਰਸ਼ ਪ੍ਰੇਰਿਤ ਹੈ ਤੇ ਨਾ ਰੁਮਾਂਟਿਕ। ਨਾ ਇਸ ਵਿਚ ਪ੍ਰੇਮ-ਕਹਾਣੀ ਹੈ। ਨਾ ਹੀ ਰੁਮਾਂਚਕ ਕਿਸਮ ਦੀਆਂ ਅਸੁਭਾਵਕ ਘਟਨਾਵਾਂ ਹਨ। ਸੀਤਲ ਨੇ ਸੁਚੇਤ ਰੂਪ ਵਿਚ ਪੰਜਾਬੀ ਨਾਵਲ ਵਿਚ ਪ੍ਰਚਲਿਤ ਪ੍ਰੇਮ-ਕਹਾਣੀ ਵਾਲੀ ਕਿੱਸਾ-ਰੂੜੀ ਨੂੰ ਤਿਆਗਿਆ ਹੈ। ਇਹ ਬਿਨ੍ਹਾਂ ਕਿਸੇ ਵਾਧੂ ਦੀ ਚਾਸ਼ਣੀ ਦੇ ਨਿਰੋਲ ਸਮਾਜਕ ਯਥਾਰਥ ਦੇ ਸਨਮੁੱਖ ਰਚਨਾ ਹੈ। ਇਸ ਕਰਕੇ ਹੀ ਪ੍ਰਸਿੱਧ ਗਲਪ ਸ਼ਾਸਤਰੀ ਡਾ. ਜੋਗਿੰਦਰ ਸਿੰਘ ਰਾਹੀ ਨੇ 'ਸੀਤਲ ਨੂੰ ਵਸਤੂ-ਸਥਿਤੀ ਉਤੇ ਪਕੜ ਰੱਖਣ ਵਾਲਾ... ਅਤੇ ਆਦਰਸ਼ਵਾਦੀ ਸੰਸਕਾਰਾਂ ਤੋਂ ਮੁਕਤ' ਨਾਵਲਕਾਰ ਮੰਨਿਆ ਹੈ।[15] ਇਸ ਨਾਵਲ ਵਿਚ ਸਮੱਸਿਆਵਾਂ ਦਾ ਗਤੀਸ਼ੀਲ ਰੂਪ ਵਿਚ ਚਲਦਾ ਵਹਿਣ ਪੇਸ਼ ਹੋਇਆ ਹੈ। ਇਸ ਕਰਕੇ ਇਹ ਖੁੱਲ੍ਹੇ ਅੰਤ ਵਾਲੀ ਰਚਨਾ ਹੈ। ਸੰਤ ਸਿੰਘ ਸੇਖੋਂ ਮੁਤਾਬਿਕ ਇਹ ਨਾਵਲ 'ਨਿਰੋਲ ਯਥਾਰਥ-ਮੁੱਖ ਰਚਨਾ' ਹੋਣ ਕਰਕੇ... 'ਨਾਵਲ ਕਲਾ ਦੀ ਪਕਿਆਈ' ਦਾ ਉੱਤਮ ਨਮੂਨਾ ਵੀ ਹੈ।[16] ਅੱਜ ਪੌਣੀ ਸਦੀ ਬਾਅਦ ਵੀ ਇਹ ਨਾਵਲ ਸਾਡੀ ਮਨੋਸਥਿਤੀ, ਸਮਾਜਕ ਬਣਤਰ ਤੇ ਸਿਆਸਤ ਦੀਆਂ ਅੰਤਰੀਵ ਪਰਤਾਂ ਦੀ ਸਮਝ ਦੇਣ ਵਾਲੀ ਯਾਦਗਾਰੀ ਰਚਨਾ ਹੈ। ਅਜਿਹੇ ਮਹੱਤਵ ਵਿਚ ਹੀ ਇਸ ਨਾਵਲ ਦੀ ਕਲਾਸਿਕਤਾ ਛੁਪੀ ਹੋਈ ਹੈ।

## ਹਵਾਲੇ ਤੇ ਟਿੱਪਣੀਆਂ


1. **ਨਾਵਲਕਾਰ ਸੋਹਣ ਸਿੰਘ ਸੀਤਲ** (ਸੰਪ. ਕਰਨਜੀਤ ਸਿੰਘ), 'ਸੀਤਲ ਦੀ ਵਿਲੱਖਣਤਾ', ਨਵਯੁਗ ਪਬਲਿਸ਼ਰਜ, ਦਿਲੀ 1973, ਪੰ. 36.
2. **ਤੂਤਾਂ ਵਾਲਾ ਖੂਹ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1973, ਪੰ. 86.
3. **ਉਹੀ**, ਪੰ. 91.
4. **ਨਾਵਲਕਾਰ ਸੋਹਣ ਸਿੰਘ ਸੀਤਲ**, 'ਸੀਤਲ ਦੀ ਨਾਵਲਕਾਰੀ ਕਲਾ' ਪੰ. 22.
5. **ਤੂਤਾਂ ਵਾਲਾ ਖੂਹ**, ਪੰ. 9, 11, 93, 109, 112, 135.
6. **ਨਾਵਲਕਾਰ ਸੋਹਣ ਸਿੰਘ ਸੀਤਲ**, 'ਸੀਤਲ ਦੀ ਵਿਲੱਖਣਤਾ' ਪੰ. 34.
7. **ਤੂਤਾਂ ਵਾਲਾ ਖੂਹ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰ. 150.
8. **ਉਹੀ**, ਪੰ. 207.
9. **ਉਹੀ**, ਪੰ. 255.
10. **ਉਹੀ**,
11. **ਉਹੀ**, ਪੰ. 254.
12. **ਉਹੀ**, ਪੰ. 129.
13. **ਉਹੀ**, ਪੰ. 134.
14. **ਨਾਵਲਕਾਰ ਸੋਹਣ ਸਿੰਘ ਸੀਤਲ**, ਵਿਸਥਾਰ ਲਈ ਵੇਖੋਂ 'ਤੂਤਾਂ ਵਾਲਾ ਖੂਹ (ਇਕ ਅਧਿਐਨ)', ਪੰ. 87.
15. **ਪੰਜਾਬੀ ਨਾਵਲ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006, ਪੰ. 155 ਤੇ 180.
16. **ਨਾਵਲਕਾਰ ਸੋਹਣ ਸਿੰਘ ਸੀਤਲ**, 'ਸੀਤਲ ਦੇ ਨਾਵਲਾਂ ਵਿਚ ਇਤਿਹਾਸਕ ਯਥਾਰਥ', ਪੰ. 27 ਤੇ 25.